VIGILANCE BUREAU, PUNJAB

# Vigilance registers case against forest conservator Harsh Kumar, Ajay Palta for submitting fake appreciation letter

Chandigarh 12 January : Punjab Vigilance Bureau registered a case against forest conservator Harsh Kumar IFS posted at Hoshiarpur for submitting fake appreciation letter to state government for removing adverse remarks in his annual confidential report (ACR). In this case a private person Ajay Palta, Director, Palta Engineering Works Private Limited, Focal Point, Jalandhar was also booked under section 420, 465, 467, 468, 471, 474, 120-B IPC at police station SAS Nagar.

Disclosing this here today, an official spokesperson of the Vigilance Bureau said during the investigation, chief forest conservator, Kuldeep Kumar Lomis had written some adverse comments in Harsh Kumar's ACR of year 2014-15 and the later had submitted his written request to minister of forests, Punjab for omitting negative notes from ACR by attaching copy of an appreciation letter.

During investigation of vigilance enquiry, it was found that appreciation letter No. 100/c/2008/1389 dated 04.05.2015 was not issued by Dr. Ashok Kumar, Scientist-F, Incharge Genetic and Tree Production Department, Forest Research Institute (FRI) Dehradun (Uttarakhand). This letter was received on 11.05.2015 in the office of Principal Secretary, Forest and Wild Life Protection and Kuldeep Kumar Lomis had written to the FRI to verify its authentication. He added that the institute had clarified that this letter was never issued and dispatched by the FRI. During vigilance enquiry, Harsh Kumar, Vijay Kumar DFO Hoshiarpur and Ajay Palta, submitted an affidavit and stated that this appreciation letter was typed by Dr. Ashok Kumar, Scientist on his computer on 04.05.2015 and presented to Vijay Kumar DFO in the presence of Harsh Kumar and Ajay Palta.

During investigation it was found that the FRI was closed on the said date (04.05.2015) on account of Budha Pornima holiday. The office or institute could be opened only after taking prior permission from the FRI head but no such permission was granted for the same. Apart from this, Harsh Kumar, Vijay Kumar and Ajay Palta have reported to the VB that they went to Dehradun's Institute on 04.05.2015 on a vehicle bearing no. PB-08-CH-7565, but no entry of the said vehicle was registered at the entry gate register of the FRI on that day.

The spokesperson further added that as per the reports of Forensic Science Laboratory, VB has found that signatures on the appreciation letter was not of scientist Dr. Ashok Kumar as well as such letter was not recovered from the hard disk of computer used by Dr Ashok Kumar. In fact, the letterhead used by Dr

Ashok Kumar carries a green logo, but the logo printed in this forged appreciation letter was black.

He informed that Dr Ashok Kumar was promoted as Scientist-F from Scientist-E post on 21-12-2016 but the letter was bearing his signatures as Scientist-F on 04-05-2015. He further added that the officer have submitted to the VB regarding national roaming calls made to Dr Ashok Kumar but during investigations his location was found in Haryana and Delhi on 05-05-2018 and 06-05-2018.

The spokesperson added that chief forest conservator Jatinder Sharma has also revealed that this appreciation letter dated 04.05.2015 neither received in his office nor received to the office of additional chief forest conservator (Development). On the basis of the investigations, VB concluded that Harsh Kumar and his accomplice Vijay Kumar (deceased) and Ajay Palta of Palta Engineering Works Private Limited, Jalandhar, in connivance with each other have dishonestly brought in forged document to cover up the adverse remarks entered against him in the ACR.

–––––––––––––

# ਪੰਜਾਬ ਵਿਜੀਲੈਂਸ ਬਿਊਰੋ

## ਫ਼ਰਜੀ ਪ੍ਰਸ਼ੰਸਾ ਪੱਤਰ : ਵਿਜੀਲੈਂਸ ਵੱਲੋਂ ਹਰਸ਼ ਕੁਮਾਰ ਵਣਪਾਲ ਤੇ ਅਜੇ ਪਲਟਾ ਖਿਲਾਫ਼ ਜਾਅਲਸਾਜ਼ੀ ਦਾ ਪਰਚਾ ਦਰਜ਼

ਚੰਡੀਗੜ੍ਹ 12 ਜਨਵਰੀ : ਆਪਣੀ ਸਲਾਨਾ ਗੁਪਤ ਰਿਪੋਰਟ ਨੂੰ ਠੀਕ ਕਰਵਾਉਣ ਲਈ ਪੰਜਾਬ ਸਰਕਾਰ ਅਤੇ ਵਣ ਵਿਭਾਗ ਨੂੰ ਫ਼ਰਜੀ ਪ੍ਰਸ਼ੰਸਾ ਪੱਤਰ ਸੌਂਪਣ ਦੇ ਦੋਸ਼ ਹੇਠ ਪੰਜਾਬ ਵਿਜੀਲੈਂਸ ਬਿਊਰੋ ਨੇ ਡੂੰਘੀ ਪੜਤਾਲ ਦੇ ਅਧਾਰ ’ਤੇ ਵਣਪਾਲ, ਖੋਜ ਸਰਕਲ, ਹੁਸ਼ਿਆਰਪੁਰ ਹਰਸ਼ ਕੁਮਾਰ, ਆਈ.ਐਫ.ਐਸ. ਅਤੇ ਪਲਟਾ ਇੰਜੀਨੀਅਰਿੰਗ ਵਰਕਸ ਪ੍ਰਾਈਵੇਟ ਲਿਮਟਿਡ, ਫੋਕਲ ਪੁਆਇੰਟ, ਜਲੰਧਰ ਦੇ ਡਾਇਰੈਕਟਰ ਅਜੇ ਪਲਟਾ ਖਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਮੋਹਾਲੀ ਵਿਖੇ ਧਾਰਾ 420, 465, 467, 468, 471, 474, 120-ਬੀ ਆਈ.ਪੀ.ਸੀ ਤਹਿਤ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਅੱਜ ਇੱਥੇ ਇਹ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਊਰੋ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਕੁਲਦੀਪ ਕੁਮਾਰ ਲੋਮਿਸ ਪ੍ਰਧਾਨ ਮੁੱਖ ਵਣਪਾਲ ਨੇ ਹਰਸ਼ ਕੁਮਾਰ ਦੀ ਸਾਲ 2014-15 ਦੀ ਸਲਾਨਾ ਗੁਪਤ ਰਿਪੋਰਟ ਲਿਖਦੇ ਸਮੇਂ ਉਸ ਬਾਰੇ ਕੁਝ ਪ੍ਰਤੀਕੂਲ ਕਥਨ ਦਰਜ ਕੀਤੇ ਸਨ ਅਤੇ ਇਸ ਵਿਸ਼ੇ ਸਬੰਧੀ ਹਰਸ਼ ਕੁਮਾਰ ਨੇ ਇੱਕ ਪ੍ਰਤੀਬੇਨਤੀ ਪੱਤਰ ਵਣ ਮੰਤਰੀ ਪੰਜਾਬ ਨੂੰ ਪੇਸ਼ ਹੋ ਕੇ ਦਿੱਤਾ ਸੀ ਜਿਸ ਨਾਲ ਉਸ ਨੇ ਪ੍ਰਸੰਸਾ ਪੱਤਰ ਮਿਤੀ 04.05.2015 (ਜੋ ਵਧੀਕ ਪ੍ਰਮੁੱਖ ਚੀਫ ਕੰਜਰਵੇਟਰ, ਜੰਗਲਾਤ (ਵਿਕਾਸ), ਐਸ.ਏ.ਐਸ. ਨਗਰ, ਪੰਜਾਬ ਨੂੰ ਭੇਜੀ ਜਾਣੀ ਵਿਖਾਈ ਗਈ) ਦੀ ਫੋਟੋ ਕਾਪੀ ਵੀ ਪ੍ਰਤੀਬੇਨਤੀ ਨਾਲ ਨੱਥੀ ਕੀਤੀ ਸੀ।

ਉਪੰਰਤ ਇਸ ਪ੍ਰਸੰਸਾ ਪੱਤਰ ਦੀ ਪੜਤਾਲ ਦੌਰਾਨ ਪਾਇਆ ਗਿਆ ਕਿ ਪ੍ਰਸੰਸਾ ਪੱਤਰ ਨੰਬਰ 100/ਸੀ/2008/1389 ਮਿਤੀ 04.05.2015 ਡਾ. ਅਸ਼ੋਕ ਕੁਮਾਰ ਸਾਇੰਟਿਸਟ-ਐਫ, ਜੈਨੇਟਿਕ ਤੇ ਰੁੱਖ ਉਤਪਤੀ, ਜੰਗਲਾਤ ਖੋਜ ਸੰਸਥਾ ਦੇਹਰਾਦੂਨ (ਉਤਰਾਖੰਡ) ਵੱਲੋਂ ਜਾਰੀ ਹੀ ਨਹੀਂ ਕੀਤਾ ਗਿਆ। ਅਸਲ ਵਿੱਚ ਇਹ ਪ੍ਰਸੰਸਾ ਪੱਤਰ ਵਣ ਅਤੇ ਜੰਗਲੀ ਜੀਵ ਸੁਰੱਖਿਆ ਪੰਜਾਬ ਦੇ ਪ੍ਰਮੁੱਖ ਸਕੱਤਰ ਦਫਤਰ ਵਿੱਚ ਮਿਤੀ 11.05.2015 ਨੂੰ ਪ੍ਰਾਪਤ ਹੋਇਆ। ਜਿਸ ਪਿੱਛੋਂ ਕੁਲਦੀਪ ਕੁਮਾਰ ਲੋਮਿਸ ਵੱਲੋਂ ਇਸ ਪੱਤਰ ਦੀ ਤਸਦੀਕ ਕਰਵਾਉਣ ’ਤੇ ਦੇਹਰਾਦੂਨ ਸਥਿਤ ਜੰਗਲਾਤ ਖੋਜ ਸੰਸਥਾ ਨੇ ਸਪੱਸ਼ਟ ਕੀਤਾ ਕਿ ਇਹ ਪ੍ਰਸੰਸਾ ਪੱਤਰ ਉਸ ਵੱਲੋਂ ਜਾਰੀ ਹੀ ਨਹੀਂ ਹੋਇਆ ਅਤੇ ਨਾ ਹੀ ਡਿਸਪੈਚ ਕੀਤਾ ਗਿਆ ਜਦੋਂ ਕਿ ਮੁਲਜ਼ਮ ਹਰਸ਼ ਕੁਮਾਰ ਵਣਪਾਲ, ਵਿਜੇ ਕੁਮਾਰ ਵਣ ਰੇਂਜ ਅਫਸਰ, ਖੋਜ ਸਰਕਲ, ਹੁਸ਼ਿਆਰਪੁਰ ਅਤੇ ਪ੍ਰਾਈਵੇਟ ਵਿਅਕਤੀ ਅਜੇ ਪਲਟਾ ਨੇ ਵਿਜੀਲੈਂਸ ਇੰਨਕੁਆਰੀ ਦੌਰਾਨ ਆਪਣੇ ਹਲਫੀਆ ਬਿਆਨ ਵਿੱਚ ਇਹ ਦੱਸਿਆ ਕਿ ਮਿਤੀ 04.05.2015 ਨੂੰ ਇਹ ਪੱਤਰ ਡਾ. ਅਸ਼ੋਕ ਕੁਮਾਰ, ਸਾਇੰਟਿਸਟ ਨੇ ਦੇਹਰਾਦੂਨ ਸੰਸਥਾ ਵਿਖੇ ਖੁਦ ਟਾਈਪ ਕਰਕੇ ਹਰਸ਼ ਕੁਮਾਰ ਅਤੇ ਅਜੇ ਪਲਟਾ ਦੀ ਹਾਜਰੀ ਵਿੱਚ ਵਿਜੇ ਕੁਮਾਰ ਨੂੰ ਦਿੱਤਾ ਸੀ।

ਬੁਲਾਰੇ ਨੇ ਦੱਸਿਆਕਿ ਪੜਤਾਲ ਤੋਂ ਪਾਇਆ ਗਿਆ ਕਿ ਮਿਤੀ 04.05.2015 ਨੂੰ ਬੁੱਧ ਪੂਰਨਿਮਾ ਦੀ ਛੁੱਟੀ ਹੋਣ ਕਰਕੇ ਉਕਤ ਸੰਸਥਾ ਦਾ ਦਫਤਰ ਬੰਦ ਸੀ ਅਤੇ ਛੁੱਟੀ ਵਾਲੇ ਦਿਨ ਇਸ ਇੰਸਟੀਚਿਊਟ ਦੇ ਮੁਖੀ ਪਾਸੋਂ ਪ੍ਰਵਾਨਗੀ ਲੈ ਕੇ ਹੀ ਇਹ ਦਫਤਰ ਖੋਲਿਆ ਜਾ ਸਕਦਾ ਸੀ ਪਰ ਅਜਿਹੀ ਕੋਈ ਦਿੱਤੀ ਹੋਈ ਪ੍ਰਵਾਨਗੀ ਨਹੀਂ ਮਿਲੀ। ਇਸ ਤੋਂ ਇਲਾਵਾ ਹਰਸ਼ ਕੁਮਾਰ ਅਤੇ ਉਸ ਦੇ ਸਾਥੀਆਂ ਵੱਲੋਂ ਮਿਤੀ 04.05.2015 ਨੂੰ ਗੱਡੀ ਨੰ: ਪੀ.ਬੀ.-08ਸੀ.ਐਚ-7565 ਵਿੱਚ ਸਵਾਰ ਹੋ ਕੇ ਦੇਹਰਾਦੂਨ ਸੰਸਥਾ ਵਿੱਚ ਜਾਣਾ ਬਿਆਨ ਕੀਤਾ ਗਿਆ ਪਰ

ਉਸ ਦਿਨ ਇਸ ਗੱਡੀ ਦੇ ਇੰਸਟੀਚਿਊਟ ਵਿੱਚ ਦਾਖਲ ਹੋਣ ਬਾਰੇ ਗੇਟਾਂ ’ਤੇ ਲੱਗੇ ਐਂਟਰੀ ਰਜਿਸਟਰਾਂ ਵਿੱਚ ਕੋਈ ਇੰਦਰਾਜ ਹੋਣਾ ਵੀ ਨਹੀਂ ਪਾਇਆ ਗਿਆ। ਨਾਲ ਹੀ ਜਾਂਚ ਪ੍ਰੋਗਸ਼ਾਲਾ (ਐਫ.ਐਸ.ਐਲ.) ਦੀ ਰਿਪੋਰਟ ਮੁਤਾਬਿਕ ਉਕਤ ਵਿਵਾਦਮਈ ਪ੍ਰਸੰਸਾ ਪੱਤਰ ਉਪਰ ਕੀਤੇ ਹੋਏ ਦਸਤਖਤ ਅਸ਼ੋਕ ਕੁਮਾਰ, ਸਾਇੰਟਿਸਟ ਦੇ ਨਹੀਂ ਹਨ ਅਤੇ ਇਹ ਪੱਤਰ ਅਸ਼ੋਕ ਕੁਮਾਰ, ਸਾਇੰਟਿਸਟ ਵੱਲੋਂ ਵਰਤੇ ਜਾਂਦੇ ਕੰਪਿਊਟਰ ਦੀ ਹਾਰਡਡਿਸਕ ਵਿੱਚੋਂ ਵੀ ਨਹੀਂ ਮਿਲਿਆ।

ਉਨਾਂ ਕਿਹਾ ਕਿ ਇਸ ਤੋਂ ਇਲਾਵਾ ਡਾ. ਅਸ਼ੋਕ ਕੁਮਾਰ ਮਿਤੀ 21.12.2016 ਨੂੰ ਸਾਇੰਟਿਸਟਾਂ ਦੀ ਈ-ਲਿਸਟ ਤੋਂ ਐਫ-ਲਿਸਟ ਵਿੱਚ ਪ੍ਰਮੋਟ ਹੋਇਆ ਹੈ ਜਦੋਂ ਕਿ ਮਿਤੀ 04.05.2015 ਨੂੰ ਜਾਰੀ ਹੋਏ ਪ੍ਰਸੰਸਾ ਪੱਤਰ ਵਿੱਚ ਉਸ ਨੂੰ ਸਾਇੰਟਿਸਟ-ਐਫ ਦਰਸਾਇਆ ਹੋਇਆ ਹੈ। ਡਾ. ਅਸ਼ੋਕ ਕੁਮਾਰ, ਦੇ ਅਸਲ ਲੈਟਰ ਹੈਡ ਵਿੱਚ ਹਰੇ ਰੰਗ ਦਾ ਲੋਗੋ ਹੈ ਪਰ ਇਸ ਪ੍ਰਸੰਸਾ ਪੱਤਰ ਵਿੱਚ ਛਪੇ ਲੋਗੋ ਦਾ ਰੰਗ ਕਾਲਾ ਹੈ। ਵਿਜੀਲੈਂਸ ਇੰਨਕੁਆਰੀ ਦੀ ਪੜਤਾਲ ਦੌਰਾਨ ਹਰਸ਼ ਕੁਮਾਰ ਵੱਲੋਂ ਆਪਣੇ ਮੋਬਾਇਲ ਫੋਨ ਨੰ: 94170-13693 ਦਾ ਬਿੱਲ ਪੇਸ਼ ਕੀਤਾ ਗਿਆ ਜਿਸ ਵਿੱਚ ਉਸ ਨੇ ਡਾ. ਅਸ਼ੋਕ ਕੁਮਾਰ ਨਾਲ ਮਿਤੀ 04.05.2015 ਨੂੰ ਨੈਸ਼ਨਲ ਰੋਮਿੰਗ ਦੌਰਾਨ ਹੋਈ ਗੱਲਬਾਤ ਦੀ ਇੰਨਕਮਿੰਗ ਅਤੇ ਆਊਟਗੋਇੰਗ ਕਾਲਾਂ ਬਾਰੇ ਵੇਰਵਾ ਦਿੱਤਾ ਸੀ ਪਰ ਇਸ ਮੋਬਾਇਲ ਫੋਨ ਦੇ ਬਿੱਲ ਨੂੰ ਵਾਚਣ ’ਤੇ ਪਾਇਆ ਗਿਆ ਕਿ ਹਰਸ਼ ਕੁਮਾਰ ਮਿਤੀ 05.05.2015 ਅਤੇ 06.05.2015 ਨੂੰ ਹਰਿਆਣਾ ਅਤੇ ਦਿੱਲੀ ਦੇ ਇਲਾਕੇ ਵਿੱਚ ਮੌਜੂਦ ਰਿਹਾ ਜਦੋਂ ਕਿ ਇਹ ਪ੍ਰਸੰਸਾ ਪੱਤਰ ਮਿਤੀ 04.05.2015 ਦੀ ਪਰਤ ਨੰ: 3, ਜੋ ਕੰਜ਼ਰਵੇਟਰ ਆਫ ਫਾਰੈਸਟ, ਰਿਸਰਚ ਐਂਡ ਟਰੇਨਿੰਗ ਸਰਕਲ, ਹੁਸਿਆਰਪੁਰ ਵਿਖੇ ਪ੍ਰਾਪਤ ਹੋਇਆ ਦੱਸਿਆ ਗਿਆ ਹੈ ਅਤੇ ਉਸ ਉਪਰ ਹਰਸ਼ ਕੁਮਾਰ ਨੇ ਮਿਤੀ 06.05.2015 ਨੂੰ ਆਪਣੇ ਕਲਮੀ ਇਹ ਨੋਟ ਦਿੱਤਾ ਕਿ ਇਹ ਪ੍ਰਸ਼ੰਸਾ ਪੱਤਰ ਵਿਜੇ ਕੁਮਾਰ, ਵਣ ਰੇਂਜ ਅਫਸਰ ਵੱਲੋਂ ਉਸ ਅੱਗੇ ਪੇਸ਼ ਕੀਤਾ ਗਿਆ।

ਬਲਾਰੇ ਅਨੁਸਾਰ ਉਧਰ ਜਤਿੰਦਰ ਸ਼ਰਮਾ, ਪ੍ਰਧਾਨ ਮੱਖ ਵਣਪਾਲ, ਪੰਜਾਬ ਨੇ ਲਿਖਤੀ ਰੂਪ ਵਿੱਚ ਦੱਸਿਆ ਕਿ ਇਹ ਪੱਤਰ ਮਿਤੀ 04.05.2015 ਨਾ ਹੀ ਉਨਾਂ ਦੇ ਦਫਤਰ ਅਤੇ ਨਾ ਹੀ ਇਹ ਪੱਤਰ ਵਧੀਕ ਪ੍ਰਧਾਨ ਮੁੱਖ ਵਣਪਾਲ (ਵਿਕਾਸ) ਦੇ ਦਫਤਰ ਵਿੱਚ ਪ੍ਰਾਪਤ ਹੋਇਆ ਹੈ। ਉਕਤ ਪੜਤਾਲ ਦੇ ਅਧਾਰ ’ਤੇ ਵਿਜੀਲੈਂਸ ਨੇ ਇਹ ਪਾਇਆ ਕਿ ਹਰਸ਼ ਕੁਮਾਰ ਵਣਪਾਲ, ਖੋਜ ਸਰਕਲ, ਹੁਸ਼ਿਆਰਪੁਰ ਵੱਲੋਂ ਆਪਣੇ ਸਾਥੀਆਂ ਵਿਜੇ ਕੁਮਾਰ, ਵਣ ਰੇਂਜ ਅਫਸਰ, ਖੋਜ ਸਰਕਲ, ਹੁਸ਼ਿਆਰਪੁਰ (ਮ੍ਰਿਤਕ) ਅਤੇ ਅਜੇ ਪਲਟਾ ਡਾਇਰੈਕਟਰ, ਪਲਟਾ ਇੰਜੀਨੀਅਰਿੰਗ ਵਰਕਸ ਪ੍ਰਾਈਵੇਟ, ਫੋਕਲ ਪੁਆਇੰਟ, ਜਲੰਧਰ ਨਾਲ ਸਾਜਬਾਜ ਹੋ ਕੇ ਬਦਨੀਤੀ ਅਤੇ ਬਦਦਿਆਨਤੀ ਨਾਲ ਆਪਣੇ ਆਪ ਨੂੰ ਲਾਭ ਪਹੁੰਚਾਉਣ ਅਤੇ ਆਪਣੇ ਵਿਰੁੱਧ ਪ੍ਰਤੀਕੂਲ ਕਥਨਾਂ ਨੂੰ ਕਵਰਅੱਪ ਕਰਨ ਲਈ ਫਰਜ਼ੀ ਤੇ ਜਾਅਲੀ ਪ੍ਰਸ਼ੰਸਾ ਪੱਤਰ ਤਿਆਰ ਕਰਕੇ ਵਰਤੋਂ ਵਿੱਚ ਲਿਆਂਦਾ ਗਿਆ ਹੈ ਜਿਸ ਕਰਕੇ ਦੋਹਾਂ ਮੁਲਜ਼ਮਾਂ ਖਿਲਾਫ਼ ਪਰਚਾ ਦਰਜ ਕੀਤਾ ਗਿਆ ਹੈ।

---------------------